# ਕੰਨ ਦੇ ਸਾਂਚੇ ਨੂੰ ਪਾਉਣਾ ਅਤੇ ਹਟਾਉਣਾ



1 ਕੰਨ ਦੇ ਸਾਂਚੇ ਨੂੰ ਆਪਣੇ ਅੰਗੂਠੇ ਅਤੇ ਪਹਿਲੀ ਉਂਗਲ ਦੇ ਵਿਚਕਾਰ ਪਕੜੋ ਅਤੇ ਇਸਦੇ ਆਵਾਜ਼ ਨਿਕਾਲਣ ਵਾਲੇ ਹਿੱਸੇ ਨੂੰ ਆਪਣੇ ਕੰਨ ਦੇ ਰਸਤੇ ਵਿਚ ਟਿਕਾਓ।

2 ਕੰਨ ਦੇ ਸਾਂਚੇ ਨੂੰ ਹਲਕੀ ਜਿਹੀ ਅਤੇ ਘੁਮਾਓਦਾਰ ਹਰਕਤ ਦੇ ਨਾਲ ਕੰਨ ਦੇ ਵਿਚ ਪਾਓ।



3 ਕੰਨ ਦੇ ਸਾਂਚੇ ਦੇ ਉਪਰਲੇ ਹਿੱਸੇ ਨੂੰ ਹਲਕਾ ਜਿਹਾ ਪਿਛਾਂਹ ਅਤੇ ਅਗਾਂਹ ਕਰੋ ਤਾਂ ਜੋ ਇਹ ਕੰਨ ਦੀ ਨਾਲੀ ਦੇ ਉੱਪਰ ਦੀ ਤਵਚਾ ਦੇ ਪਿੱਛੇ ਖੁਭ ਜਾਏ।

4 ਕੰਨ ਦੇ ਸਾਂਚੇ ਨੂੰ ਉੱਪਰ ਅਤੇ ਹੇਠਾਂ ਕਰੋ ਅਤੇ ਇਹ ਯਕੀਨੀ ਬਣਾਉਣ ਲਈ ਹਲਕਾ ਜਿਹਾ ਦਬਾਓ ਕਿ ਇਹ ਕੰਨ ਵਿਚ ਸਹੀ ਤਰ੍ਹਾਂ ਰੱਖਿਆ ਜਾਂਦਾ ਹੈ। ਆਪਣੇ ਮੂੰਹ ਨੂੰ ਖੋਲ੍ਹਣਾ ਅਤੇ ਬੰਦ ਕਰਨਾ ਸਾਂਚੇ ਨੂੰ ਕੰਨ ਵਿਚ ਪਾਉਣਾ ਆਸਾਨ ਕਰ ਸਕਦਾ ਹੈ।



5 ਇਹ ਯਕੀਨੀ ਬਣਾਓ ਕਿ ਹੀਅਰਿੰਗ ਡਿਵਾਇਸ ਕੰਨ ਦੇ ਪਿਛਲੇ ਪਾਸੇ ਟਿਕਾਈ ਗਈ ਹੈ।

ਤਜਰਬੇ ਕਰਕੇ, ਇਕ ਆਸਾਨ ਤਰੀਕੇ ਦਾ ਪਤਾ ਲਗਾਇਆ ਜਾ ਸਕਦਾ ਹੈ। ਕੰਨ ਵਿਚ ਸਹੀ ਤਰ੍ਹਾਂ ਪਾਏ ਜਾਣ ਤੇ ਹੀਅਰਿੰਗ ਡਿਵਾਇਸ ਸਹੀ ਤਰ੍ਹਾਂ ਅਤੇ ਆਰਾਮ ਨਾਲ ਫਿੱਟ ਹੋਣੀ ਚਾਹੀਦੀ ਹੈ। ਜੇ ਹੀਅਰਿੰਗ ਡਿਵਾਇਸ ਦੇ ਕਾਰਨ ਕੰਨਾਂ ਵਿਚ ਖਾਰਸ਼ ਹੁੰਦੀ ਹੈ ਤਾਂ ਆਪਣੇ ਸੁਣਨ ਸ਼ਕਤੀ ਦੀ ਦੇਖਭਾਲ ਕਰਨ ਵਾਲੇ ਪੇਸ਼ੇਵਰਾਂ ਨਾਲ ਸੰਪਰਕ ਕਰੋ।

# ਕੰਨ ਦੇ ਸਾਂਚਿਆਂ ਨੂੰ ਸਾਫ਼ ਕਰਨਾ

1 ਸਾਫ਼ ਕਰਨ ਤੋਂ ਪਹਲਿਾਂ ਕੰਨ ਦੇ ਸਾਂਚੇ ਅਤੇ ਇਸ ਨਾਲ ਲੱਗੀ ਟਿਊਬਗਿ ਨੂੰ ਹੀਅਰਗਿ ਡਵਿਾਇਸਜ਼ ਤੋਂ ਹਟਾਓ।



2 ਹਲਕਾ ਜਹਿ ਸਾਬਣ ਦੀ ਵਰਤੋਂ ਕਰਕੇ ਕੰਨ ਦੇ ਸਾਂਚੇ ਨੂੰ ਸਾਫ਼ ਕਰੋ, ਅਤੇ ਕੋਸੇ ਪਾਣੀ ਨਾਲ ਖੰਗਾਲ ਲਵੋ।



3 ਸਫ਼ਾਈ ਦੇ ਬਾਅਦ, ਕੰਨ ਦੇ ਸਾਂਚਿਆਂ ਨੂੰ ਚੰਗੀ ਤਰ੍ਹਾਂ ਸੁਕਾਓ ਅਤੇ ਏਅਰ ਬੱਲਬ, ਵਾਇਰ ਲੂਪ ਦੀ ਵਰਤੋਂ ਕਰਕੇ ਕਸਿ ਤਰ੍ਰਾਂ ਦੇ ਬਾਕੀ ਬਚੇ ਪਾਣੀ ਨੂੰ ਹਟਾਓ ਜਾਂ ਪਾਣੀ ਨੂੰ ਹਟਾਉਣ ਲਈ ਕੰਨ ਦੇ ਸਾਂਚਿਆਂ ਨੂੰ ਚੰਗੀ ਤਰ੍ਹਾਂ ਛੱਡੋ।



i *ਸਮਾਂ ਪਾ ਕੇ ਕੰਨ ਦੇ ਸਾਂਚੇ ਦੀ ਟਿਊਬਗਿ ਸਖਤ, ਭੁਰਭੁਰੀ ਜਾਂ ਰੰਗਹੀਣ ਹੋ ਸਕਦੀ ਹੈ। ਟਿਊਬ ਦੇ ਬਦਲਾਵਾਂ ਦੇ ਬਾਰੇ ਆਪਣੇ ਸੁਣਨ ਸ਼ਕਤੀ ਦੀ ਦੇਖਭਾਲ ਕਰਨ ਵਾਲੇ ਪੇਸ਼ੇਵਰ ਨਾਲ ਸੰਪਰਕ ਕਰੋ।*

ਆਡਓਿਲੋਜਸਿਟ ਦੇ ਸੰਪਰਕ ਵੇਰਵੇ: